# ਸੰਦੇਸ਼

(ਸਿੱਖਿਆ ਮੰਤਰੀ, ਪੰਜਾਬ)

ਸਤਿਕਾਰਯੋਗ ਪ੍ਰਿੰਸੀਪਲ/ਮੁੱਖ ਅਧਿਆਪਕ ਜੀਓ,

ਸਾਡੇ ਦੇਸ਼ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਅਜ਼ਾਦ ਦਾ ਜਨਮ ਦਿਹਾੜਾ ਮਨਾਉਦੇ ਹੋਏ ਪੂਰੇ ਦੇਸ਼ ਵਿੱਚ "ਸਿੱਖਿਆ ਦਾ ਅਧਿਕਾਰ ਮੁਹਿਮ" ਅਰੰਭ ਕੀਤੀ ਜਾ ਰਹੀ ਹੈ। ਅਜ਼ਾਦ ਭਾਰਤ ਦੀ ਪਹਿਲੀ ਸਿੱਖਿਆ ਨੀਤੀ ਉਹਨਾਂ ਦੀ ਹੀ ਦੇਣ ਹੈ। ਉਹਨਾਂ ਦਾ ਇਹ ਸੁਪਨਾਂ ਸੀ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਦਾ ਇੱਕ ਨਾਗਰਿਕ ਪੜ੍ਹਿਆ ਲਿਖਿਆ ਹੋਵੇ। ਮੈਨੂੰ ਇਹ ਵਿਚਾਰ ਆਪ ਨਾਲ ਸਾਂਝੇ ਕਰਦਿਆਂ ਹੋਇਆ ਅਤਿ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਦੇਸ਼ ਵਿੱਚ ਬੱਚਿਆ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ 2009 ਲਾਗੂ ਹੋ ਜਾਣ ਦੇ ਨਾਲ ਉਹਨਾਂ ਦਾ ਸੁਪਨਾਂ ਸਾਕਾਰ ਹੋਣ ਦੇ ਆਸਾਰ ਨਜ਼ਰ ਆਉਣ ਲੱਗੇ ਹਨ।

ਐਕਟ ਦੇ ਲਾਗੂ ਹੋ ਜਾਣ ਨਾਲ ਜਿੱਥੇ 6 ਤੋਂ 14 ਸਾਲ ਦੇ ਹਰ ਇਕ ਬੱਚੇ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਮਿਲ ਗਿਆ ਹੈ, ਉੱਥੇ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਿਆਉਣ ਲਈ ਵੀ ਉਪਬੰਧ ਕੀਤਾ ਗਿਆ ਹੈ। ਮੁੱਖ ਤੌਰ ਤੇ ਦਾਖਲੇ ਸਮੇਂ ਸਕਰੀਨਿੰਗ ਟੈਸਟ ਜਾਂ ਕੈਪੀਟੇਸ਼ਨ ਫੀਸ ਦੀ ਮਨਾਹੀ, ਬੱਚਿਆਂ ਨੂੰ ਕਿਸੇ ਕਿਸਮ ਦੀ ਜਿਸਮਾਨੀ ਸਜ਼ਾ ਜਾਂ ਮਾਨਸਿਕ ਪ੍ਰੇਸ਼ਨੀ ਦੇਣ ਦੀ ਮਨਾਹੀ, ਬੱਚਿਆਂ ਲਈ ਪਹਿਲੀ ਤੋਂ ਪੰਜਵੀਂ ਜਮਾਤ ਤੱਕ 1 ਕਿਲੋਮੀਟਰ ਦੇ ਅੰਦਰ ਅਤੇ ਛੇਵੀਂ ਤੋਂ ਅਠਵੀਂ ਤੱਕ 3 ਕਿਲੋਮੀਟਰ ਸਕੂਲ ਸਥਾਪਿਤ ਕਰਨਾ ਅਤੇ ਹਰ ਇਕ ਅਧਿਆਪਕ ਦੇ ਲਈ ਲੋੜੀਂਦੀ ਯੋਗਤਾ ਰੱਖਣਾ ਲਾਜ਼ਮੀ ਅਤੇ ਐਕਟ ਦੇ ਉਪਬੰਧਾ ਦੀ ਪਲਣਾ ਨੂੰ ਯਕੀਨੀ ਬਣਾਉਣ ਲਈ ਹਰ ਇਕ ਸਕੂਲ ਵੱਲੋਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਮਾਨਤਾ ਪ੍ਰਾਪਤ ਕਰਨਾਂ ਲਾਜ਼ਮੀ ਕਰਨਾਂ ਅਜਿਹੇ ਉਪਬੰਧ ਹਨ ਜੋ ਕਿ ਨਿਸ਼ਚਿਤ ਰੂਪ ਵਿੱਚ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਿਆਉਣ।

ਐਕਟ ਦੀ ਇਨਬਿਨ ਪਾਲ੍ਹਣਾ ਯਕੀਨੀ ਬਣਾਉਣ ਦੇ ਲਈ ਮੈਂ ਸਮੂਹ ਅਧਿਆਪਕ ਵਰਗ ਨੂੰ ਸਕੂਲ ਪ੍ਰਬੰਧਕੀ ਕਮੇਟੀਆਂ, ਬੱਚਿਆਂ ਦੇ ਮਾਪਿਆਂ ਅਤੇ ਇਲਾਕੇ ਦੇ ਪੰਤਵੰਤੇ ਸੱਜਣਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇੱਕ ਮੁਹਿਮ ਦੇ ਤੌਰ ਤੇ ਕੰਮ ਕਰਦੇ ਹੋਏ ਆਪਣੇ ਨੇੜੇ ਦੇ ਇਲਾਕੇ ਦੇ ਉਹਨਾਂ 6 ਤੋਂ 14 ਸਾਲ ਦੇ ਬੱਚਿਆਂ ਦੀ ਸ਼ਨਾਖਤ ਕੀਤੀ ਜਾਵੇ ਜੋ ਹਾਲ ਤੀਕ ਸਕੂਲ ਵਿੱਚ ਦਾਖਲ ਨਹੀ ਹੋ ਸਕੇ ਉਹਨਾਂ ਦਾ ਸਕੂਲ ਵਿੱਚ ਦਾਖਲਾ ਯਕੀਨੀ ਬਣਾਇਆ ਜਾਵੇ ਅਤੇ ਸਕੂਲਾਂ ਵਿੱਚ ਅਜਿਹਾ ਸਕੂਲ ਸਿਰਜਿਆ ਜਾਵੇ ਜਿਸ ਨਾਲ ਹਰ ਇਕ ਬੱਚਾ ਬਗੈਰ ਕਿਸੇ ਭੇਦ-ਭਾਵ ਦੀ ਭਾਵਨਾਂ ਅਤੇ ਡਰ ਤੋਂ ਆਪਣੀ ਸਿੱਖਿਆ ਹਾਸਲ ਕਰ ਸਕੇ।

(ਸੇਵਾ ਸਿੰਘ ਸੇਖਵਾਂ)

ਚੰਡੀਗੜ੍ਹ
ਮਿਤੀ 11/11/11